



## ਜ਼ਿਲ੍ਹਾ ਭਲਾਈ ਅਫ਼ਸਰ

ਇਸ ਵਿਭਾਗ ਦੇ ਜ਼ਿਲ੍ਹਾ ਮੁੱਖੀ ਜ਼ਿਲ੍ਹਾ ਭਲਾਈ ਅਫ਼ਸਰ ਹਨ। ਜਿਸ ਦਾ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਖੇ ਹੈ।

**1. ਹਾਜ਼ਰੀ ਵਜ਼ੀਫਾ ਸਕੀਮ**

ਇਸ ਸਕੀਮ ਦਾ ਮੰਤਵ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਲੜਕੀਆਂ ਨੂੰ ਪੜ੍ਹਾਈ ਲਈ ਪ੍ਰੇਰਣਾ ਹੈ। ਇਸ ਸਕੀਮ ਅਧੀਨ ਪੰਜਾਬ ਰਾਜ ਦੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਨੂੰ 50/- ਰੁਪਏ ਪ੍ਰਤੀ ਮਹੀਨਾ ਪ੍ਰਤੀ ਲੜਕੀ ਦੇ ਹਿਸਾਬ ਨਾਲ ਹਾਜ਼ਰੀ ਦੇ ਅਧਾਰ ਤੇ ਸਾਲ ਵਿੱਚ 10 ਮਹੀਨਿਆਂ ਲਈ ਵਜ਼ੀਫਾ ਦਿੱਤਾ ਜਾਂਦਾ ਹੈ। ਬਸ਼ਰਤੇ ਕਿ ਲੜਕੀ ਪੰਜਾਬ ਰਾਜ ਦੀ ਵਸਨੀਕ ਹੋਵੇ। ਉਸ ਦੀ ਮਹੀਨੇ ਵਿੱਚ ਹਾਜ਼ਰੀ 75 ਪ੍ਰਤੀਸ਼ਤ ਤੋਂ ਵੱਧ ਹੋਵੇ ਅਤੇ ਉਸ ਦੇ ਮਾਪੇ/ਸਰਪ੍ਰਸਤ ਇਨਕਮ ਟੈਕਸ ਨਾ ਦਿੰਦੇ ਹੋਣ ਅਤੇ ਉਹ 5 ਏਕੜ ਤੋਂ ਵੱਧ ਜ਼ਮੀਨ ਦੇ ਮਾਲਕ ਨਾ ਹੋਣ।

**2. ਐਸ.ਸੀ. 3.1 ਪ੍ਰੋਵਾਈਡਿੰਗ ਆਫ਼ ਪਲਾਟਸ ਟੂ ਹਾਊਸ ਲੈਸ**

ਇਸ ਸਕੀਮ ਤਹਿਤ ਨਾਰਮਜ ਅਨੁਸਾਰ ਅਨੁਸੂਚਿਤ ਜਾਤੀਆਂ ਦੇ ਬੇ-ਘਰੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ 10 ਮਰਲੇ ਦਾ ਪਲਾਟ ਪੰਚਾਇਤੀ ਜ਼ਮੀਨ ਵਿੱਚੋਂ ਜਾਂ ਸ਼ਾਮਲਾਟ ਜ਼ਮੀਨ ਵਿੱਚੋਂ ਆਬਾਦੀ ਦੇ ਨੇੜੇ ਦਿੱਤਾ ਜਾਂਦਾ ਹੈ ਜਾਂ ਫਿਰ ਇਸ ਤਹਿਤ 10 ਮਰਲੇ ਦਾ ਪਲਾਟ 25000/- ਰੁਪਏ ਵਿੱਚ ਖ਼ਰੀਦ ਕੇ ਦਿੱਤਾ ਜਾਂਦਾ ਹੈ ਜਾਂ ਜਿਹੜੇ ਲੋਕ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਉਹਨਾਂ ਦਾ ਆਪਣਾ ਪਲਾਟ ਹੈ ਜਾਂ ਖਸਤਾ ਹਾਲਤ ਵਿੱਚ ਮਕਾਨ ਜਾਂ ਕੱਚਾ ਮਕਾਨ ਹੈ। ਉਹਨਾਂ ਯੋਗ ਲਾਭਪਾਤਰੀਆਂ ਨੂੰ 20000/- ਰੁਪਏ ਦੀ ਗਰਾਂਟ ਦਿੱਤੀ ਜਾਂਦੀ ਹੈ।

**3. ਖਿਡਾਰੀਆਂ ਨੂੰ ਇਨਾਮ ਦੇਣ ਦੀ ਸਕੀਮ**

ਇਸ ਸਕੀਮ ਦਾ ਮੁੱਖ ਮੰਤਵ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਲਈ ਖੇਡਾਂ ਦੇ ਖੇਤਰ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਨਾ ਹੈ। ਇਸ ਸਕੀਮ ਅਧੀਨ 6ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ। ਇਸ ਸਕੀਮ ਅਧੀਨ ਹਰ ਇੱਕ ਵਿਦਿਅਕ ਬਲਾਕ ਪੱਧਰ ਤੇ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀ ਜਿਹੜੇ ਨਿਸ਼ਚਿਤ ਖੇਡਾਂ ਵਿੱਚ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਵਿੱਚ ਆਉਂਦੇ ਹਨ, ਉਹਨਾਂ ਵਿੱਚੋਂ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਪੱਧਰ ਤੇ ਇਸ ਸਕੀਮ ਤਹਿਤ ਲਾਭ ਦਿੱਤਾ ਜਾਂਦਾ ਹੈ। ਹਰ ਇੱਕ ਚੰਗੇ ਖਿਡਾਰੀ ਨੂੰ 25/- ਰੁਪਏ ਪ੍ਰਤੀ ਮਹੀਨਾ ਇਨਾਮ ਵਜੋਂ ਦਿੱਤਾ ਜਾਂਦਾ ਹੈ। ਇਹ ਇਨਾਮ 3 ਸਾਲ, 2 ਸਾਲ ਕਰਮਵਾਰ ਲਗਾਤਾਰ ਦਿੱਤਾ ਜਾਂਦਾ ਹੈ।

**4. ਪਹਿਲੀ ਕਲਾਸ ਤੋਂ 10ਵੀਂ ਕਲਾਸ ਤੱਕ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਮੁਫ਼ਤ ਪਾਠ ਪੁਸਤਕਾਂ ਦੇਣ ਬਾਰੇ**

ਪੰਜਾਬ ਸਰਕਾਰ ਭਲਾਈ ਵਿਭਾਗ ਵਲੋਂ ਰਾਜ ਦੇ ਸਰਕਾਰੀ ਅਤੇ ਮਾਨਤਾ ਪ੍ਰਾਪਤ (ਏਡਡ) ਸਕੂਲਾਂ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਹਰ ਸਾਲ ਵਿਦਿਅਕ ਸੈਸ਼ਨ ਦੇ ਸ਼ੁਰੂ ਵਿੱਚ ਮੁਫਤ ਪਾਠ ਪੁਸਤਕਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

**5. ਅਨੁਸੂਚਿਤ ਜਾਤੀਆਂ, ਈਸਾਈ ਬਰਾਦਰੀ ਅਤੇ ਵਿਧਵਾ ਔਰਤਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ 6100/- ਰੁਪਏ ਅਸ਼ੀਰਵਾਦ ਦੇਣ ਦੀ ਸਕੀਮ**

ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਅਤੇ ਈਸਾਈ ਬਰਾਦਰੀ ਦੇ ਪਰਿਵਾਰਾਂ ਨਾਲ ਸੰਬੰਧਤ ਲੜਕੀਆਂ ਦੀ ਉਮਰ 18 ਸਾਲ ਤੋਂ ਵੱਧ ਹੋਵੇ। ਪਰਿਵਾਰ ਦੀ ਸਲਾਨਾ ਆਮਦਨ 16000/- ਰੁਪਏ ਤੋਂ ਵੱਧ ਨਾ ਹੋਵੇ। ਲੜਕੀ ਦੇ ਮਾਤਾ-ਪਿਤਾ ਪੰਜਾਬ ਰਾਜ ਦੇ ਵਸਨੀਕ ਹੋਣ ਅਤੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹੋਣ। ਉਹਨਾਂ ਦੀਆਂ ਸ਼ਾਦੀਆਂ ਸਮੇਂ 6100/- ਰੁਪਏ ਅਸ਼ੀਰਵਾਦ ਵਜੋਂ ਦਿੱਤੇ ਜਾਂਦੇ ਹਨ। ਇਸ ਸਕੀਮ ਅਧੀਨ ਵਿਧਵਾ ਜਾਂ ਤਲਾਕਸ਼ੁਦਾ ਔਰਤਾਂ ਦੇ ਵਿਆਹ ਸਮੇਂ ਵੀ ਅਸ਼ੀਰਵਾਦ ਦੀ ਵਿਵਸਥਾ ਹੈ। ਬਸ਼ਰਤੇ ਕਿ ਉਹ ਸਕੀਮ ਦੀਆਂ ਸ਼ਰਤਾਂ ਅਨੁਸਾਰ ਯੋਗ ਹੋਣ।

**6. ਧਰਮਸ਼ਾਲਾ/ਚੌਪਾਲ ਦੀ ਉਸਾਰੀ**

ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਵਿੱਚ ਜਿੱਥੇ ਕਿ ਉਨ੍ਹਾਂ ਦੇ ਘਰਾਂ ਦੀ ਗਿਣਤੀ 10 ਜਾਂ ਇਸ ਤੋਂ ਵੱਧ ਹੋਵੇ ਨਵੀਂ ਧਰਮਸ਼ਾਲਾ ਦੀ ਉਸਾਰੀ ਵਾਸਤੇ 1.00 ਲੱਖ ਰੁਪਏ ਦਾ ਅਤੇ ਪਹਿਲਾਂ ਬਣੀ ਧਰਮਸ਼ਾਲਾ ਦੀ ਮੁਰੰਮਤ ਵਾਸਤੇ 50000/- ਰੁਪਏ ਪ੍ਰਤੀ ਧਰਮਸ਼ਾਲਾ ਦਿੱਤੇ ਜਾਂਦੇ ਹਨ।

**7. ਵੇ ਸਾਈਡ ਕੋਬਲਰਜ਼ ਸਕੀਮ**

ਇਸ ਸਕੀਮ ਤਹਿਤ ਅਜਿਹੇ ਮੋਚੀਆਂ ਨੂੰ ਲਾਭ ਪਹੁੰਚਾਇਆ ਜਾਂਦਾ ਹੈ ਜੋ ਸੜਕਾਂ ਦੇ ਕਿਨਾਰੇ ਚੌਰਾਹਿਆਂ ਵਿੱਚ ਥੜ੍ਹਿਆਂ ਤੇ ਬੈਠ ਕੇ ਜੁੱਤੀਆਂ ਦੀ ਮੁਰੰਮਤ ਦਾ ਕੰਮ ਕਰਦੇ ਹਨ ਅਤੇ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਸ ਸਕੀਮ ਅਧੀਨ ਮੋਚੀ ਨੂੰ 10000/- ਰੁਪਏ ਦੀ ਗਰਾਂਟ ਦਿੱਤੀ ਜਾਂਦੀ ਹੈ। ਇਸ ਗਰਾਂਟ ਵਿੱਚੋਂ 8000/- ਰੁਪਏ ਖੋਖਾ ਬਨਾਉਣ ਲਈ ਹੁੰਦਾ ਹੈ ਅਤੇ 2000/- ਰੁਪਏ ਨਾਲ ਜੁੱਤੀਆਂ ਦਾ ਕੰਮ ਕਰਨ ਲਈ ਲੋੜੀਂਦੇ ਔਜ਼ਾਰ ਖਰੀਦਣੇ ਹੁੰਦੇ ਹਨ।

**8. ਟਰੇਨਿੰਗ-ਕਮ-ਪ੍ਰੋਡਕਸ਼ਨ ਸੈਂਟਰ**

ਭਲਾਈ ਵਿਭਾਗ ਵਲੋਂ ਅਨੁਸੂਚਿਤ ਜਾਤੀਆਂ ਅਤੇ ਹੋਰ ਵਰਗ ਦੇ ਲੋਕਾਂ ਨੂੰ ਵੱਖ-ਵੱਖ ਟਰੇਡਾਂ ਜਿਵੇਂ ਕਿ ਰੈਡੀਮੇਡ ਗਾਰਮੈਂਟਸ, ਪਲਾਸਟਿਕ ਗੁਡਜ਼, ਕੇਨਿੰਗ, ਹੱਥ ਖੱਡੀ ਅਤੇ ਕਾਰਪੈਂਟਰ ਮੈਕਿੰਗ ਆਦਿ ਦੀ ਟਰੇਨਿੰਗ ਦੇਣ ਵਾਸਤੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 3 ਟਰੇਨਿੰਗ-ਕਮ-ਪ੍ਰੋਡਕਸ਼ਨ ਸੈਂਟਰ ਖੋਲ੍ਹੇ ਹੋਏ ਹਨ।

**9. ਨਰਸਰੀ ਸਕੂਲ ਕੰਮ ਕਰੈਚ ਸੈਂਟਰ**

ਅਨੁਸੂਚਿਤ ਜਾਤੀਆਂ ਦੀਆਂ ਮਲੀਨ ਧੰਦਾ ਕਰਨ ਵਾਲੀਆਂ ਮਾਵਾਂ ਦੇ 0-6 ਸਾਲ ਦੀ ਉਮਰ ਦੇ ਬੱਚਿਆਂ ਨੂੰ ਰੱਖਣ ਲਈ ਨਾਨ ਪਲਾਨ ਸਾਈਡ ਦੇ ਕਰੈਚ ਸੈਂਟਰ ਖੋਲ੍ਹੇ ਗਏ ਹਨ। ਇਹਨਾਂ ਕੇਂਦਰਾਂ ਵਿੱਚ 5/- ਰੁਪਏ ਪ੍ਰਤੀ ਬੱਚਾ ਪ੍ਰਤੀ ਦਿਨ ਪੌਸ਼ਟਿਕ ਖ਼ੁਰਾਕ ਦਿੱਤੀ ਜਾਂਦੀ ਹੈ। ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇੱਕ ਸੈਂਟਰ ਖੋਲ੍ਹਿਆ ਗਿਆ ਹੈ। ਜਿਸ ਵਿੱਚ ਅਜਿਹੇ 40 ਬੱਚੇ ਦਾਖਲ ਕੀਤੇ ਜਾਂਦੇ ਹਨ।

**10. ਸਿਵਲ ਅਧਿਕਾਰੀ ਦੀ ਸੁਰੱਖਿਆ ਐਕਟ 1955 ਛੂਤ-ਛਾਤ ਦੂਰ ਕਰਨ ਦੀ ਸਕੀਮ**

ਇਸ ਪ੍ਰੋਗਰਾਮ ਅਧੀਨ ਪੰਜਾਬ ਰਾਜ ਵਿੱਚ ਛੂਤ-ਛਾਤ ਨੂੰ ਖ਼ਤਮ ਕਰਨ ਲਈ ਅੰਤਰਜਾਤੀ ਜੋੜਿਆਂ ਨੂੰ ਜਿਸ ਵਿੱਚ ਇੱਕ ਅਨੁਸੂਚਿਤ ਜਾਤੀ ਦਾ ਹੋਵੇ, ਨੂੰ 25000/- ਰੁਪਏ ਪ੍ਰਤੀ ਜੋੜੇ ਤੇ ਹਿਸਾਬ ਨਾਲ ਇਨਾਮ ਵਜੋਂ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਅਧੀਨ ਚੰਗੀਆਂ ਪੰਚਾਇਤਾਂ ਨੂੰ ਸ੍ਵੈ-ਸੇਵੀ ਸੰਸਥਾਵਾਂ ਅਤੇ ਲਿਖਾਰੀਆਂ ਨੂੰ ਯੋਗ ਵਿੱਤੀ ਸਹਾਇਤਾ ਨਾਲ ਸਨਮਾਨਤ ਕੀਤਾ ਜਾਂਦਾ ਹੈ। ਇਸ ਸਕੀਮ ਅਧੀਨ ਅਰਜ਼ੀ ਇਸ ਮਹਿਕਮੇ ਨੂੰ ਸਾਦੇ ਕਾਗਜ਼ ਤੇ ਦਿੱਤੀ ਜਾਂਦੀ ਹੈ।

**11. ਲਾਈਟ/ਹੈਵੀ ਵਹੀਕਲ ਡਰਾਈਵਿੰਗ ਸਕੀਮ**

ਅਨੁਸੂਚਿਤ ਜਾਤੀਆਂ ਦੇ ਬੇਰੁਜ਼ਗਾਰ ਯੁਵਕਾਂ ਨੂੰ ਜਿਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨ 11000/- ਰੁਪਏ ਤੋਂ ਘੱਟ ਹੈ ਅਤੇ ਉਮਰ 21 ਸਾਲ ਤੋਂ 35 ਸਾਲ ਦੇ ਦਰਮਿਆਨ ਹੋਵੇ ਅਤੇ ਵਿਦਿਅਕ ਯੋਗਤਾ ਮਿਡਲ ਪਾਸ ਤੋਂ ਘੱਟ ਨਾ ਹੋਵੇ, ਨੂੰ ਮਾਨਤਾ ਪ੍ਰਾਪਤ ਸੰਸਥਾਵਾਂ ਤੋਂ ਟਰੇਨਿੰਗ ਦਿਵਾਈ ਜਾਂਦੀ ਹੈ। ਇਸ ਟਰੇਨਿੰਗ ਦੌਰਾਨ ਸਿਖਿਆਰਥੀਆਂ ਨੂੰ 750/- ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਂਦਾ ਹੈ ਅਤੇ ਸਿਖਲਾਈ ਸੰਸਥਾ ਨੂੰ 1000/- ਰੁਪਏ ਪ੍ਰਤੀ ਸਿਖਿਆਰਥੀ ਪ੍ਰਤੀ ਮਹੀਨਾ ਟਰੇਨਿੰਗ ਖ਼ਰਚਾ ਦਿੱਤਾ ਜਾਂਦਾ ਹੈ। ਟਰੇਨਿੰਗ ਦੇਣ ਉਪਰੰਤ ਲੋੜੀਂਦਾ ਡਰਾਈਵਿੰਗ ਲਾਈਸੈਂਸ ਸੰਬੰਧਤ ਸਕੂਲ ਵਲੋਂ ਬਣਵਾ ਕੇ ਦਿੱਤਾ ਜਾਂਦਾ ਹੈ। ਇਸ ਸਬੰਧੀ ਬਿਨੈਪੱਤਰ ਸਾਦੇ ਕਾਗਜ਼ ਤੇ ਦਿੱਤਾ

ਜਾਂਦਾ ਹੈ।

12. **ਬੁੱਕ ਬੈਂਕ ਸਕੀਮ**

ਅਨੁਸੂਚਿਤ ਜਾਤੀਆਂ ਦੇ ਲਾਅ, ਮੈਡੀਕਲ, ਇੰਜੀਨੀਅਰ, ਵੈਟਨਰੀ, ਐਗਰੀਕਲਚਰ, ਪੋਲੀਟੈਕਨਿਕ ਕਲਾਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵੱਖ-ਵੱਖ ਸੰਸਥਾਵਾਂ ਰਾਹੀਂ ਗਰਾਂਟ ਇੰਨ ਏਡ ਦਿੱਤੀ ਜਾਂਦੀ ਹੈ। ਕਿਤਾਬ ਦਾ ਇੱਕ ਸੈਟ 2 ਵਿਦਿਆਰਥੀਆਂ ਵਾਸਤੇ ਹੁੰਦਾ ਹੈ। ਇਹ ਸਕੀਮ ਸੰਬੰਧਤ ਕਾਲਜਾਂ ਵਲੋਂ ਲਾਗੂ ਕੀਤੀ ਜਾਂਦੀ ਹੈ। ਇਹ ਸਕੀਮ ਸਰਕਾਰ ਵਲੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਉੱਚ ਵਿੱਦਿਆ ਹਾਸਲ ਕਰਨ ਵਿੱਚ ਮਦਦਗਾਰ ਸਾਬਤ ਹੁੰਦੀ ਹੈ।

13. **ਹੋਣਹਾਰ ਵਿਦਿਆਰਥੀਆਂ ਲਈ ਵਜ਼ੀਫਾ**

ਪੰਜਾਬ ਸਰਕਾਰ ਵਲੋਂ ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਜੋ 6ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦੇ ਹਨ, ਨੂੰ ਸਕੂਲ ਪੱਧਰ ਤੇ ਵਜ਼ੀਫਾ ਦਿੱਤਾ ਜਾਂਦਾ ਹੈ। ਇਸ ਸਕੀਮ ਅਧੀਨ ਹਰ ਇੱਕ ਵਿਦਿਅਕ ਬਲਾਕ ਵਿੱਚ ਜਿਹੜੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਪੰਜਵੀਂ, ਅੱਠਵੀਂ ਅਤੇ ਦਸਵੀਂ ਦੇ ਇਮਤਿਹਾਨ ਵਿਚੋਂ ਪਹਿਲੀਆਂ ਤਿੰਨ ਪੋਜੀਸ਼ਨਾਂ ਆਪਣੀ-ਆਪਣੀ ਕਲਾਸ ਦੇ ਇਮਤਿਹਾਨ ਵਿਚੋਂ ਹਾਸਲ ਕਰਦੇ/ਕਰਦੀਆਂ ਹਨ, ਉਹਨਾਂ ਨੂੰ 100/- ਰੁਪਏ ਪ੍ਰਤੀ ਮਹੀਨਾ ਮੈਰਿਟ ਸਕਾਲਰਸ਼ਿਪ ਦਿੱਤਾ ਜਾਂਦਾ ਹੈ। ਪਹਿਲੀਆਂ ਤਿੰਨ ਪੋਜੀਸ਼ਨਾਂ, ਵਿਦਿਅਕ ਬਲਾਕ ਪੱਧਰ ਤੇ ਅਪੀਅਰ ਹੋਏ ਕੁੱਲ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਵਿਚੋਂ ਹੀ ਲਈਆਂ ਜਾਂਦੀਆਂ ਹਨ ਭਾਵ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਦੀ ਮੈਰਿਟ ਅਲੱਗ ਕੱਢੀ ਜਾਂਦੀ ਹੈ। ਪੰਜਵੀਂ ਦੇ ਇਮਤਿਹਾਨ ਦੇ ਅਧਾਰ ਤੇ ਚੁਣੇ ਗਏ ਅਜਿਹੇ ਵਿਦਿਆਰਥੀਆਂ ਨੂੰ ਲਗਾਤਾਰ ਤਿੰਨ ਸਾਲ ਮੈਰਿਟ ਸਕਾਲਰਸ਼ਿਪ ਅਤੇ ਅੱਠਵੀਂ ਅਤੇ ਦਸਵੀਂ ਦੇ ਇਮਤਿਹਾਨ ਦੇ ਅਧਾਰ ਤੇ ਚੁਣੇ ਗਏ ਵਿਦਿਆਰਥੀਆਂ ਨੂੰ ਲਗਾਤਾਰ ਦੋ-ਦੋ ਸਾਲ ਵਜ਼ੀਫਾ ਦਿੱਤਾ ਜਾਂਦਾ ਹੈ। ਇਹ ਸਕੀਮ ਸਿੱਧੀ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਹੀਂ ਲਾਗੂ ਕੀਤੀ ਜਾਂਦੀ ਹੈ।

14. **ਜ਼ਿਲ੍ਹਾ ਪੱਧਰ ਤੇ ਸਟੈਨੋਗ੍ਰਾਫੀ ਦੀ ਸਿਖਲਾਈ**

ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਨੌਜਵਾਨ ਲੜਕੇ/ਲੜਕੀਆਂ ਜਿਨ੍ਹਾਂ ਨੇ ਮੈਟ੍ਰਿਕ ਦੂਜੇ ਦਰਜੇ ਵਿੱਚ ਪਾਸ ਕੀਤੀ ਹੋਵੇ, ਨੂੰ ਪੰਜਾਬੀ ਟਰੇਡ ਵਿੱਚ ਭਾਸ਼ਾ ਵਿਭਾਗ ਵਲੋਂ ਜ਼ਿਲ੍ਹਾ ਪੱਧਰ ਤੇ ਚਲਾਏ ਜਾ ਰਹੇ ਸੈਂਟਰਾਂ ਵਿੱਚ ਇੱਕ ਸਾਲ ਦੀ ਟਰੇਨਿੰਗ ਦਿੱਤੀ ਜਾਂਦੀ ਹੈ। ਟਰੇਨਿੰਗ ਦੌਰਾਨ ਹਰ ਸਿਖਿਆਰਥੀ ਨੂੰ 250/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜ਼ੀਫਾ ਦਿੱਤਾ ਜਾਂਦਾ ਹੈ। ਇਸ ਮੰਤਵ ਲਈ ਕੁੱਲ 15 ਸੀਟਾਂ ਜ਼ਿਲ੍ਹਾ ਪੱਧਰ ਤੇ ਭਾਸ਼ਾ ਵਿਭਾਗ ਵਿਖੇ ਟਰੇਨਿੰਗ ਦੇਣ ਲਈ ਰੱਖੀਆਂ ਜਾਂਦੀਆਂ ਹਨ। ਟਰੇਨਿੰਗ ਦਾ ਸਮਾਂ ਸਤੰਬਰ ਤੋਂ ਅਗਸਤ ਤੱਕ ਰੱਖਿਆ ਗਿਆ ਹੈ। ਇਸ ਸੰਬੰਧੀ ਵਿਗਿਆਪਨ ਅਖ਼ਬਾਰਾਂ ਵਿੱਚ ਸਮਾਜ ਭਲਾਈ ਵਿਭਾਗ ਵਲੋਂ ਹੀ ਦਿੱਤਾ ਜਾਂਦਾ ਹੈ।

15. **ਵਿਸ਼ੇਸ਼ ਰੋਜ਼ਗਾਰ ਸੈਲ**

ਜ਼ਿਲ੍ਹੇ ਵਿੱਚ ਇੱਕ ਸਪੈਸ਼ਲ ਰੋਜ਼ਗਾਰ ਸੈਲ ਖੋਲ੍ਹਿਆ ਗਿਆ ਹੈ, ਜੋ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ ਕਲੈਰੀਕਲ/ਤਕਨੀਕੀ ਨੌਕਰੀਆਂ ਦਿਵਾਉਣ ਵਿੱਚ ਸਹਾਇਤਾ ਕਰਦਾ ਹੈ।